ਅਮਿਤ ਸ਼ਾਹ ਨੇ ਪੰਜਾਬ ਚੋਣਾਂ ਦੀ ਕਮਾਨ ਸੰਭਾਲੀ !

- ਕੌਮੀ ਸਿਆਸੀ ਪਾਰਟੀ ਦੇ ਇੱਕ ਵੱਡੇ ਨੇਤਾ ਵੱਲੋਂ ਆਪਣੀ ਵੱਖਰੀ ਪਾਰਟੀ ਬਣਾਉਣ ਦੇ ਮਿਲਣ ਲੱਗੇ ਸੰਕੇਤ
- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ 1 ਨਵੰਬਰ ਨੂੰ ਪੰਜਾਬ ਆਉਣ ਦੀਆਂ ਕਨਸੋਆਂ, ਇੱਕ ਮਹੀਨੇ ਵਿੱਚ ਉਹਨਾਂ ਦੀ ਹੋਵੇਗੀ ਤੀਜੀ ਫੇਰੀ
- ਭਾਰਤੀ ਜਨਤਾ ਪਾਰਟੀ ਦੇ ਜੁੜ ਸਕਦੇ ਹਨ ਅਕਾਲੀ ਦਲ ਪੁਨਰ ਸੁਰਜੀਤ ਨਾਲ ਹੱਥ, ਸ਼੍ਰੋਮਣੀ ਅਕਾਲੀ ਦਲ ਨਾਲ ਨਵੰਬਰ ਦੇ ਤੀਜੇ ਹਫ਼ਤੇ ਗੱਠਜੋੜ ਹੋਣ ਦੀ ਸੰਭਾਵਨਾ



ਕਮਲਜੀਤ ਸਿੰਘ ਬਨਵੈਤ
ਸ਼੍ਰੋਮਣੀ ਪੱਤਰਕਾਰ
98147-34035

ਅਚੰਭਾ ਨਹੀਂ ਜੇ ਪੰਜਾਬ ਵਿੱਚ ਇੱਕ ਨਵੀਂ ਸਿਆਸੀ ਪਾਰਟੀ ਸਾਹਮਣੇ ਆ ਖੜ੍ਹੇ। ਜਦੋਂ ਕਿਸੇ ਵੱਡੇ ਲੀਡਰ ਨੂੰ ਲੱਗਣ ਲੱਗ ਪਵੇ ਕਿ ਵੱਡੀ ਲੜਾਈ ਲੜ ਕੇ ਵੀ ਕੁਝ ਹੱਥ ਪੱਲੇ ਨਹੀਂ ਪਿਆ ਫਿਰ ਉਹ ਆਪਣਾ ਵੱਖਰਾ ਡੇਰਾ ਸਥਾਪਤ ਕਰਨ ਵੱਲ ਨੂੰ ਤੁਰ ਪੈਂਦਾ ਹੈ। ਖਬਰਾਂ ਹਨ ਕਿ ਪੰਜਾਬ ਦਾ ਇੱਕ ਵੱਡਾ ਲੀਡਰ ਆਪਣੀ ਪਾਰਟੀ ਬਣਾਉਣ ਵੱਲ ਨੂੰ ਤੁਰਨ ਲੱਗਾ ਹੈ। ਪਾਰਟੀਆਂ ਤਾਂ ਪਹਿਲਾਂ ਵੀ ਬਣਦੀਆਂ ਰਹੀਆਂ ਹਨ ਪਰ ਹੱਥ ਪੱਲੇ ਕਿਸੇ ਵਿਰਲੇ ਟਾਵੇਂ ਦੇ ਹੀ ਪਿਆ ਹੋਵੇਗਾ। ਬਹੁਤੀਆਂ ਪਾਰਟੀਆਂ ਤਾਂ ਲੜ ਭਿੜ ਕੇ ਆਪਣੇ ਭਾਰ ਹੀ ਡਿੱਗ ਜਾਂਦੀਆਂ ਰਹੀਆਂ ਹਨ। ਵੱਡੀ ਪਾਰਟੀ ਛੱਡ ਕੇ ਬਰਾਬਰ ਦੀ ਧਿਰ ਖੜ੍ਹੀ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਹੈ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਸ ਵਾਰੀ ਬਹੁ ਧਿਰੀ ਮੁਕਾਬਲੇ ਹੋਣਗੇ। ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਿੱਚ ਉਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਚੱਲਦੀ ਰਹੀ ਹੈ। 2017 ਵਿੱਚ ਆਮ ਆਦਮੀ ਪਾਰਟੀ ਪਹਿਲੀ ਵਾਰ ਚੋਣ ਮੈਦਾਨ ਵਿੱਚ ਆਈ ਸੀ। ਉਦੋਂ ਜ਼ਿਆਦਾ ਹੱਥ ਪੱਲੇ ਨਾ ਪਿਆ ਪਰ ਪਿਛਲੀ ਵਾਰ 92 ਉਮੀਦਵਾਰ ਜਿਤਾ ਕੇ ਆਪਣੀ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ ਸੀ। ਇਸ ਵਾਰ ਹਾਲੇ ਤੱਕ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਪੋ ਆਪਣੇ ਦਮ 'ਤੇ ਮੈਦਾਨ ਵਿੱਚ ਨਿਤਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਬਹੁਜਨ ਸਮਾਜ ਪਾਰਟੀ ਹੁਣ ਉਹਨਾਂ ਤਿੰਨਾਂ ਵਿੱਚ ਰਹੀ ਹੈ ਨਾ ਤੇਰਾਂ ਵਿੱਚ। ਇੱਕ ਹੋਰ ਨਵੀਂ ਪਾਰਟੀ ਦਾ ਮੁਕਾਬਲੇ ਵਿੱਚ ਨਿਤਰਨਾ ਲਗਭਗ ਤੈਅ ਹੈ।

ਖ਼ਬਰਾਂ ਤਾਂ ਇਹ ਵੀ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਗੱਠਜੋੜ ਦੋਹਾਂ ਧਿਰਾਂ ਦੀ ਮਜਬੂਰੀ ਬਣ ਚੁੱਕਾ ਹੈ। ਉਸ ਤੋਂ ਪਹਿਲਾਂ ਭਾਜਪਾ ਦਾ ਅਕਾਲੀ ਦਲ ਪੁਨਰ ਸੁਰਜੀਤ ਨਾਲ ਰਿਸ਼ਤਾ ਜੁੜਦਾ ਲੱਗਦਾ ਹੈ। ਪੰਜਾਬ ਭਾਜਪਾ ਅਤੇ ਪੁਨਰ ਸੁਰਜੀਤ ਅਕਾਲੀ ਦਲ ਦੇ ਨੇਤਾਵਾਂ ਦੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ। ਸੂਤਰ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਕੇਂਦਰੀ ਗ੍ਰਹਿ ਮੰਤਰੀ ਅਤੇ ਸਿਆਸਤ ਦੇ ਚਾਣਕੀਆ ਅਮਿਤ ਸ਼ਾਹ ਇਕ ਨਵੰਬਰ ਨੂੰ ਮੁੜ ਪੰਜਾਬ ਆ ਰਹੇ ਹਨ। ਉਹਨਾਂ ਦੀ ਫੇਰੀ ਨੂੰ ਗੱਠਜੋੜ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਮਿਤ ਸ਼ਾਹ ਦੀ ਇੱਕ ਮਹੀਨੇ ਵਿੱਚ ਤੀਜੀ ਫੇਰੀ ਹੋਵੇਗੀ। ਉਹ 30 ਸਤੰਬਰ ਨੂੰ ਜਲੰਧਰ ਭਾਜਪਾ ਦੀ ਨਸ਼ਾ ਵਿਰੋਧੀ ਰੈਲੀ ਵਿੱਚ ਸ਼ਾਮਿਲ ਹੋਏ ਸਨ। ਉਸ ਤੋਂ ਬਾਅਦ ਉਹ ਸੰਗਰੂਰ, ਮਾਨਸਾ ਅਤੇ ਗੁਰਦਾਸਪੁਰ ਵਿੱਚ ਪੀੜ੍ਹਤ ਪਰਿਵਾਰ ਨਾਲ ਮੁਲਾਕਾਤ ਕਰਨ ਲਈ ਆਏ ਸਨ। ਹੁਣ ਉਹਨਾਂ ਦੀ ਤੀਜੀ ਫੇਰੀ ਉਲੀਕੀ ਜਾ ਰਹੀ ਹੈ। ਉਸ ਤੋਂ ਪਹਿਲਾਂ ਉਹ ਮੋਗਾ ਦੇ ਪਿੰਡ ਕਿੱਲੀ ਚਾਹਲਾਂ ਵਿੱਚ ਵੀ ਇੱਕ ਰੈਲੀ ਨੂੰ ਸੰਬੋਧਨ ਕਰ ਚੁੱਕੇ ਹਨ। ਮੋਗਾ ਦੀ ਰੈਲੀ ਵਿੱਚ ਉਹਨਾਂ ਨੇ ਗੱਠਜੋੜ ਦੀ ਸੰਭਾਵਨਾ ਨੂੰ ਡੂੰਘੀ ਲਕੀਰ ਖਿੱਚ ਕੇ ਰੱਦ ਕਰ ਦਿੱਤਾ ਸੀ। ਜਲੰਧਰ ਆਏ ਤਾਂ ਕੁਝ ਕਹਿਣ ਤੋਂ ਟਾਲਾ ਵੱਟੀ ਰੱਖਿਆ। ਪਿਛਲੀ ਫੇਰੀ ਵੇਲੇ ਉਹਨਾਂ ਨੇ ਸਿਆਸੀ ਬਿਆਨ ਦੇਣ ਤੋਂ ਕਿਨਾਰਾ ਕਰੀ ਰੱਖਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਪਣੀ ਪੰਜਾਬ ਫੇਰੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦਾ ਮੁੱਦਾ ਨਹੀਂ ਛੇੜਿਆ ਸੀ।

ਅਮਿਤ ਸ਼ਾਹ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਚੋਣਾਂ ਦੇ ਨਾਲ ਨਾਲ ਚੱਲ ਰਹੇ ਹਨ। ਪਿਛਲੇ ਸਮੇਂ ਤੋਂ ਤਾਂ ਉਹਨਾਂ ਨੇ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਨਾਲ ਆਪਣੀ ਹੋਰ ਨੇੜਤਾ ਪਾ ਲਈ ਹੈ। ਉਹਨਾਂ ਦੀ ਸੰਭਾਵਿਤ ਤੀਜੀ ਫੇਰੀ ਤੋਂ ਬਾਅਦ ਤਾਂ ਇਹ ਕਹਿਣਾ ਪੱਕਾ ਬਣਦਾ ਹੈ ਕਿ ਉਹਨਾਂ ਨੇ ਪੰਜਾਬ ਚੋਣਾਂ ਦੀ ਕਮਾਨ ਆਪਣੇ ਹੱਥ ਵਿੱਚ ਲੈ ਲਈ ਹੈ। ਅਮਿਤ ਸ਼ਾਹ ਨੇ ਪਿਛਲੇ ਦਿਨੀਂ ਪੰਜਾਬ ਵਿੱਚ ਐਨਡੀਏ ਦੀ ਸਰਕਾਰ ਬਣਨ ਦਾ ਦਾਅਵਾ ਕੀਤਾ ਸੀ। ਕਿਆਸਆਰਾਈਆਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀਆਂ ਚੱਲਣ ਲੱਗ ਪਈਆਂ। ਸ਼੍ਰੋਮਣੀ ਅਕਾਲੀ ਦਲ ਤਾਂ ਇਸ ਵੇਲੇ ਐਨਡੀਏ ਦਾ ਹਿੱਸਾ ਨਹੀਂ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਵੇਲੇ ਅਕਾਲੀ ਦਲ ਨੇ ਐਨਡੀਏ ਨਾਲੋਂ ਨਾਤਾ ਤੋੜ ਲਿਆ ਸੀ। ਸੁਖਬੀਰ ਸਿੰਘ ਬਾਦਲ ਵੀ ਕੱਲ ਕਹਿੰਦੇ ਹਨ ਕਿ ਉਹਨਾਂ ਨੂੰ ਸੱਤਾ ਨਾਲੋਂ ਪੰਜਾਬ ਵੱਧ ਪਿਆਰਾ ਹੈ। ਉਹ ਅਮਿਤ ਸ਼ਾਹ ਦੇ ਬਿਆਨ ਉੱਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਅਸਿਧੇ ਤੌਰ 'ਤੇ ਪੁਰਾਣੀ ਭਾਈਵਾਲ ਪਾਰਟੀ ਵੱਲ ਹੱਥ ਵਧਾਉਣ ਦਾ ਇਸ਼ਾਰਾ ਕਰਦਿਆਂ ਕਹਿੰਦੇ ਹਨ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਉਹਨਾਂ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ।

ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸਤਾ ਉੱਤੇ ਕਾਬਜ਼ ਹੋਣ ਲਈ ਤਰਲੋ ਮੱਛੀ ਹੋ ਰਹੀ ਹੈ, ਹਾਲਾਂਕਿ ਗਿਆਨ ਭਾਜਪਾ ਨੂੰ ਵੀ ਹੈ ਕਿ ਘੱਟੋ ਘੱਟ ਇਸ ਵਾਰ ਦੀਆਂ ਚੋਣਾਂ ਵਿੱਚ ਤਾਂ ਕੁਝ ਹੱਥ ਪੱਲੇ ਪਾਉਣ ਵਾਲਾ ਨਹੀਂ ਹੈ। ਪੰਜਾਬ ਦਾ ਕਿਸਾਨ ਕੇਂਦਰ ਸਰਕਾਰ ਨਾਲ ਨਾਰਾਜ਼ ਹੈ। ਸਿੱਖਾਂ ਨਾਲ ਹੇਜ ਜਤਾਇਆ ਜਾ ਰਿਹਾ ਹੈ ਪਰ ਤੇਹ ਕਿਸੇ ਹੋਰ ਪਾਸੇ ਚੱਲ ਰਿਹਾ ਹੈ। ਸਿੱਖਾਂ ਦੀਆਂ ਮੰਗਾਂ ਮੰਨਣ ਦੀ ਥਾਂ ਫ਼ੈਸਲੇ ਸਿੱਖ ਵਿਰੋਧੀ ਲਏ ਜਾ ਰਹੇ ਹਨ। ਭਾਜਪਾ ਪੰਜਾਬ ਵਿੱਚ ਦੋ ਕਦਮ ਅੱਗੇ ਤੁਰਦੀ ਹੈ ਤਾਂ ਤਿੰਨ ਕਦਮ ਪਿਛਾਂਹ ਨੂੰ ਪੁੱਟ ਲੈਂਦੀ ਹੈ। ਪੰਜਾਬ ਦੇ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ ਕਰਾਏ ਤੋਂ ਬਿਨਾਂ ਭਾਜਪਾ ਨੂੰ ਨੇੜੇ ਨਹੀਂ ਫਟਕਣ ਦੇਣ ਲੱਗੇ। ਚੰਡੀਗੜ੍ਹ ਪੰਜਾਬ ਨੂੰ ਨਾ ਦੇਣ, ਪੰਜਾਬ ਤੋਂ ਭਾਖੜਾ ਬਿਆਸ ਖੋਹਣ, ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦੀਆਂ ਚਾਲਾਂ, ਪਾਣੀਆਂ ਦੇ ਹੱਕ ਮਾਰਨ ਸਮੇਤ ਹੋਰ ਕਈ ਅਜਿਹੇ ਲਟਕਦੇ ਮਸਲੇ ਹਨ, ਜਿਹੜੇ ਪੰਜਾਬੀਆਂ ਦੇ ਦਿਲ ਦੀ ਚੀਸ ਮੱਠੀ ਨਹੀਂ ਹੋਣ ਦਿੰਦੇ ਹਨ। ਭਾਜਪਾ ਜਿਸ ਚਾਲੇ ਚੱਲ ਰਹੀ ਹੈ ਕਿਸੇ ਹਾਲ ਤਾਂ ਪੰਜਾਬੀਆਂ ਨੇ ਮੋਢੇ 'ਤੇ ਹੱਥ ਰੱਖਣ ਨਹੀਂ ਦੇਣਾ। ਆਪਣੇ ਹੱਥ ਕਮਾਨ ਚਾਹੇ ਗ੍ਰਹਿ ਮੰਤਰੀ ਅਮਿਤ ਸ਼ਾਹ ਲੈਣ ਜਾਂ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ। ਪੰਜਾਬੀ ਅੱਖਾਂ ਕੱਢਣ ਵਾਲੇ ਨੂੰ ਟਿੱਚ ਨਹੀਂ ਜਾਣਦੇ। ਇਹ ਉਹ ਕੌਮ ਹੈ ਜਿਹਨੇ ਭਾਰਤ ਦੀ ਆਜ਼ਾਦੀ ਲਈ 80 ਫ਼ੀਸਦੀ ਕੁਰਬਾਨੀਆਂ ਦਿੱਤੀਆਂ ਸਨ। ਬਟਵਾਰੇ ਵੇਲੇ ਖ਼ੂਨ ਦੀਆਂ ਨਦੀਆਂ ਪੰਜਾਬ ਵਿੱਚ ਹੀ ਵਹੀਆਂ ਸਨ। ਪੰਜਾਬੀਆਂ ਨੂੰ ਫਿਰ ਵੀ ਕੋਈ ਗਲੇ ਨਾ ਲਾਵੇ ਤਾਂ ਇਹ ਤਾਂ 50 ਕਦਮ ਪਿੱਛੇ ਹੱਟ ਖੜ੍ਹਦੇ ਹਨ। ਸ਼ਾਨ ਨਾਲ ਜਿਊਣ ਵਾਲੀ ਕੌਮ ਦੋ ਪੈਰ ਘੱਟ ਤੁਰਦੀ ਹੈ ਪਰ ਤੁਰਦੀ ਮਟਕ ਦੇ ਨਾਲ ਹੈ।

ਮਾਤਾ ਕ੍ਰਿਸ਼ਨ ਕੌਰ ਜੀ ਦੀ ਤੀਜੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਟ..........

ਗੁਰੂ ਘਰ ਨਾਲ ਜੁੜੇ ਰਹਿਣ ਅਤੇ ਪਰਿਵਾਰਕ ਏਕਤਾ ਦਾ ਸੰਦੇਸ਼ ਦੇ ਗਏ ਮਾਤਾ ਕ੍ਰਿਸ਼ਨ ਕੌਰ ਜੀ

ਸੁਖਦੇਵ ਸਿੰਘ ਉੜਾਪੜ
ਡਾਇਰੈਕਟਰ ਦੁਆਬਾ ਜ਼ੋਨ

ਮਾਂ ਦਾ ਰਿਸ਼ਤਾ ਦੁਨੀਆ ਦੇ ਸਾਰੇ ਰਿਸ਼ਤਿਆਂ ਵਿੱਚੋਂ ਸਭ ਤੋਂ ਪਵਿੱਤਰ, ਨਿੱਘਾ ਅਤੇ ਅਨਮੋਲ ਮੰਨਿਆ ਜਾਂਦਾ ਹੈ। ਮਾਂ ਉਹ ਸ਼ਖ਼ਸੀਅਤ ਹੁੰਦੀ ਹੈ, ਜੋ ਆਪਣੇ ਬੱਚਿਆਂ ਦੀ ਖੁਸ਼ੀ ਲਈ ਹਰ ਦੁੱਖ ਨੂੰ ਸਹਿਣ ਦੀ ਤਾਕਤ ਰੱਖਦੀ ਹੈ। ਉਸ ਦੀ ਮਮਤਾ, ਪਿਆਰ, ਤਿਆਗ ਅਤੇ ਅਸੀਸਾਂ ਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਮਾਂ ਵੱਲੋਂ ਬੱਚਿਆਂ ਨੂੰ ਦਿੱਤੇ ਸੰਸਕਾਰ ਅਤੇ ਜੀਵਨ ਵਿੱਚ ਸਹੀ ਰਸਤੇ 'ਤੇ ਚੱਲਣ ਦੀ ਸਿੱਖਿਆ ਸਾਰੀ ਉਮਰ ਉਨ੍ਹਾਂ ਦੇ ਨਾਲ ਰਹਿੰਦੀ ਹੈ। ਭਾਵੇਂ ਮਾਂ ਸਰੀਰਕ ਤੌਰ 'ਤੇ ਪਰਿਵਾਰ ਤੋਂ ਵਿਛੜ ਜਾਵੇ, ਪਰ ਉਸ ਦੀਆਂ ਯਾਦਾਂ, ਉਸ ਦੀਆਂ ਗੱਲਾਂ ਅਤੇ ਉਸ ਵੱਲੋਂ ਦਿਖਾਇਆ ਗਿਆ ਰਸਤਾ ਹਮੇਸ਼ਾ ਪਰਿਵਾਰ ਦੇ ਦਿਲਾਂ ਵਿੱਚ ਵੱਸਿਆ ਰਹਿੰਦਾ ਹੈ। ਇਸੇ ਪਿਆਰ, ਸਤਿਕਾਰ ਅਤੇ ਸ਼ਰਧਾ ਦੀ ਭਾਵਨਾ ਨਾਲ ਮਾਤਾ ਕ੍ਰਿਸ਼ਨ ਕੌਰ ਜੀ ਦੀ ਤੀਜੀ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕੀਤਾ ਜਾ ਰਿਹਾ ਹੈ। ਇਸ ਮੌਕੇ ਪਰਿਵਾਰਕ ਮੈਂਬਰਾਂ ਵੱਲੋਂ ਮਾਤਾ ਜੀ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਉਨ੍ਹਾਂ ਦੇ ਜੀਵਨ, ਪਰਿਵਾਰ ਪ੍ਰਤੀ ਸਮਰਪਣ ਅਤੇ ਗੁਰੂ ਘਰ ਨਾਲ ਜੁੜੀ ਸੇਵਾ ਨੂੰ ਸ਼ਰਧਾ ਨਾਲ ਯਾਦ ਕੀਤਾ ਜਾਵੇਗਾ। ਮਾਤਾ ਜੀ ਦਾ ਜੀਵਨ ਪਰਿਵਾਰਕ ਪਿਆਰ, ਸਾਦਗੀ, ਧਾਰਮਿਕ ਵਿਸ਼ਵਾਸ ਅਤੇ ਸੇਵਾ-ਭਾਵਨਾ ਦੀ ਇੱਕ ਅਜਿਹੀ ਮਿਸਾਲ ਰਿਹਾ, ਜਿਸ ਨੂੰ ਪਰਿਵਾਰਕ ਮੈਂਬਰ ਹਮੇਸ਼ਾ ਆਪਣੇ ਜੀਵਨ ਦਾ ਅਹਿਮ ਹਿੱਸਾ ਮੰਨਦੇ ਰਹਿਣਗੇ।

ਪਰਿਵਾਰ ਨੂੰ ਇਕਜੁੱਟ ਰੱਖਣ ਵਿੱਚ ਮਾਂ ਦੀ ਅਹਿਮ ਭੂਮਿਕਾ

ਮਾਤਾ ਕ੍ਰਿਸ਼ਨ ਕੌਰ ਜੀ ਦਾ ਜਨਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬਾਜੀਦਪੁਰ ਵਿਖੇ ਪਿਤਾ ਖੁਸ਼ੀਆ ਸਿੰਘ ਅਤੇ ਮਾਤਾ ਚਿੱਤ ਕੌਰ ਦੇ ਘਰ ਹੋਇਆ। ਵਿਆਹ ਤੋਂ ਬਾਅਦ ਉਹ ਪਿੰਡ ਉੜਾਪੜ ਵਿਖੇ ਸਰਦਾਰ ਮਹਿੰਦਰ ਸਿੰਘ ਜੀ ਦੇ ਜੀਵਨ ਸਾਥੀ ਬਣੇ ਅਤੇ ਆਪਣੇ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਪੂਰੀ ਲਗਨ, ਸੂਝ-ਬੂਝ ਅਤੇ ਪਿਆਰ ਨਾਲ ਨਿਭਾਇਆ। ਘਰ-ਪਰਿਵਾਰ ਦੀ ਸੰਭਾਲ ਕਰਨੀ, ਬੱਚਿਆਂ ਨੂੰ ਚੰਗੇ ਸੰਸਕਾਰ ਦੇਣੇ ਅਤੇ ਸਾਰਿਆਂ ਨੂੰ ਆਪਸੀ ਪਿਆਰ ਨਾਲ ਰਹਿਣ ਦੀ ਪ੍ਰੇਰਨਾ ਦੇਣੀ ਉਨ੍ਹਾਂ ਦੇ ਜੀਵਨ ਦਾ ਅਹਿਮ ਹਿੱਸਾ ਰਿਹਾ। ਮਾਂ ਆਪਣੇ ਬੱਚਿਆਂ ਦੀ ਪਹਿਲੀ ਅਧਿਆਪਕ ਹੁੰਦੀ ਹੈ। ਉਹ ਬੱਚਿਆਂ ਨੂੰ ਸਿਰਫ਼ ਬੋਲਣਾ ਜਾਂ ਤੁਰਨਾ ਹੀ ਨਹੀਂ ਸਿਖਾਉਂਦੀ, ਸਗੋਂ ਉਨ੍ਹਾਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ, ਛੋਟਿਆਂ ਨਾਲ ਪਿਆਰ ਕਰਨਾ, ਲੋੜਵੰਦਾਂ ਦੀ ਮਦਦ ਕਰਨੀ ਅਤੇ ਮੁਸ਼ਕਲ ਸਮੇਂ ਵਿੱਚ ਹੌਸਲਾ ਬਣਾਈ ਰੱਖਣਾ ਵੀ ਸਿਖਾਉਂਦੀ ਹੈ। ਮਾਤਾ ਕ੍ਰਿਸ਼ਨ ਕੌਰ ਜੀ ਵੱਲੋਂ ਆਪਣੇ ਪਰਿਵਾਰ ਨੂੰ ਦਿੱਤੀ ਗਈ ਇਹੀ ਸਿੱਖਿਆ ਉਨ੍ਹਾਂ ਦੀ ਯਾਦ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦੀ ਹੈ। ਪਰਿਵਾਰ ਵਿੱਚ ਆਪਸੀ ਪਿਆਰ ਅਤੇ ਮਿਲਵਰਤਣ ਦੀ ਭਾਵਨਾ ਬਣਾਈ ਰੱਖਣ ਵਿੱਚ ਮਾਪਿਆਂ ਦੀ ਭੂਮਿਕਾ ਸਭ ਤੋਂ ਅਹਿਮ ਹੁੰਦੀ ਹੈ ਅਤੇ ਮਾਤਾ ਜੀ ਦੀਆਂ ਯਾਦਾਂ ਇਸੇ ਅਹਿਮੀਅਤ ਨੂੰ ਦਰਸਾਉਂਦੀਆਂ ਹਨ।

ਗੁਰੂ ਘਰ ਨਾਲ ਜੁੜੀ ਸੇਵਾ ਅਤੇ ਧਾਰਮਿਕ ਸ਼ਰਧਾ

ਮਾਤਾ ਕ੍ਰਿਸ਼ਨ ਕੌਰ ਜੀ ਦਾ ਗੁਰੂ ਘਰ ਨਾਲ ਵਿਸ਼ੇਸ਼ ਲਗਾਅ ਸੀ। ਪਿੰਡ ਉੜਾਪੜ ਦੇ ਗੁਰਦੁਆਰਾ ਨਵਾਂ ਦੇਹਰਾ ਸਾਹਿਬ ਨਾਲ ਜੁੜੇ ਰਹਿਣਾ ਅਤੇ ਧਾਰਮਿਕ ਮਾਹੌਲ ਵਿੱਚ ਸਮਾਂ ਬਿਤਾਉਣਾ ਉਨ੍ਹਾਂ ਦੇ ਜੀਵਨ ਦਾ ਮਹੱਤਵਪੂਰਨ ਹਿੱਸਾ ਰਿਹਾ। ਗੁਰੂ ਘਰ ਦੀ ਸੇਵਾ ਅਤੇ ਧਾਰਮਿਕ ਸੰਸਕਾਰ ਮਨੁੱਖ ਨੂੰ ਨਿਮਰਤਾ, ਸਹਿਣਸ਼ੀਲਤਾ, ਸੇਵਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹਨ। ਇਹੀ ਗੁਣ ਪਰਿਵਾਰਕ ਜੀਵਨ ਨੂੰ ਮਜ਼ਬੂਤ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।



ਮਾਤਾ ਜੀ ਨੇ ਆਪਣੇ ਪਰਿਵਾਰ ਨੂੰ ਵੀ ਗੁਰੂ ਘਰ ਨਾਲ ਜੁੜੇ ਰਹਿਣ ਅਤੇ ਧਾਰਮਿਕ ਰੀਤੀ-ਰਿਵਾਜ਼ਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਗੁਰੂ ਘਰ ਨਾਲ ਜੁੜੀ ਸ਼ਰਧਾ ਮਨੁੱਖ ਨੂੰ ਆਪਣੇ ਫ਼ਰਜ਼ਾਂ ਦੀ ਪਛਾਣ ਕਰਵਾਉਂਦੀ ਹੈ ਅਤੇ ਸਮਾਜ ਵਿੱਚ ਪਿਆਰ ਤੇ ਸੇਵਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ। ਅੱਜ ਵੀ ਪਰਿਵਾਰ ਵੱਲੋਂ ਗੁਰੂ ਘਰ ਨਾਲ ਜੁੜੇ ਰਹਿਣਾ ਅਤੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਨਾ ਮਾਤਾ ਜੀ ਵੱਲੋਂ ਦਿੱਤੇ ਸੰਸਕਾਰਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਪਰਿਵਾਰਕ ਮੈਂਬਰਾਂ ਦੇ ਦਿਲਾਂ ਵਿੱਚ ਵੱਸਦੀਆਂ ਹਨ ਮਾਤਾ ਜੀ ਦੀਆਂ ਯਾਦਾਂ

ਮਾਤਾ ਕ੍ਰਿਸ਼ਨ ਕੌਰ ਜੀ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪੁੱਤਰ ਕੁਲਵਿੰਦਰ ਸਿੰਘ, ਮਲਕੀਤ ਸਿੰਘ, ਡਾਕਟਰ ਗੁਰਨਾਮ ਸਿੰਘ ਅਤੇ ਨਿਰਮਲ ਸਿੰਘ ਸ਼ਾਮਲ ਹਨ। ਉਨ੍ਹਾਂ ਦੀਆਂ ਨੂੰਹਾਂ ਬਲਜੀਤ ਕੌਰ, ਬਲਵਿੰਦਰ ਕੌਰ, ਹਰਦੀਪ ਕੌਰ ਅਤੇ ਹਰਪ੍ਰੀਤ ਕੌਰ ਹਨ। ਇਸੇ ਤਰ੍ਹਾਂ ਬੇਟੀ ਅਮਰਜੀਤ ਕੌਰ ਅਤੇ ਜਵਾਈ ਚਰਨਜੀਤ ਸਿੰਘ ਵੀ ਪਰਿਵਾਰ ਦਾ ਅਹਿਮ ਹਿੱਸਾ ਹਨ। ਪਰਿਵਾਰ ਦੇ ਸਾਰੇ ਮੈਂਬਰਾਂ ਲਈ ਮਾਤਾ ਜੀ ਦਾ ਪਿਆਰ, ਉਨ੍ਹਾਂ ਦੀ ਸਿੱਖਿਆ ਅਤੇ ਉਨ੍ਹਾਂ ਵੱਲੋਂ ਪਰਿਵਾਰ ਲਈ ਨਿਭਾਈਆਂ ਜ਼ਿੰਮੇਵਾਰੀਆਂ ਹਮੇਸ਼ਾ ਯਾਦਗਾਰੀ ਰਹਿਣਗੀਆਂ।

ਪਰਿਵਾਰ ਦੇ ਬਜ਼ੁਰਗ ਕਿਸੇ ਵੀ ਘਰ ਦੀ ਅਸਲ ਪੂੰਜੀ ਹੁੰਦੇ ਹਨ। ਉਨ੍ਹਾਂ ਦਾ ਤਜਰਬਾ, ਉਨ੍ਹਾਂ ਦੀ ਸਲਾਹ ਅਤੇ ਉਨ੍ਹਾਂ ਵੱਲੋਂ ਦਿੱਤਾ ਗਿਆ ਪਿਆਰ ਪਰਿਵਾਰ ਦੇ ਮੈਂਬਰਾਂ ਨੂੰ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਵਿੱਚ ਹੌਸਲਾ ਦਿੰਦਾ ਹੈ। ਮਾਪਿਆਂ ਦੀ ਮੌਜੂਦਗੀ ਘਰ ਨੂੰ ਸਿਰਫ਼ ਇੱਕ ਛੱਤ ਹੀ ਨਹੀਂ, ਸਗੋਂ ਪਿਆਰ, ਸੁਰੱਖਿਆ ਅਤੇ ਆਪਣੇਪਣ ਦਾ ਅਹਿਸਾਸ ਵੀ ਦਿੰਦੀ ਹੈ। ਇਸੇ ਲਈ ਮਾਪਿਆਂ ਦੇ ਵਿਛੋੜੇ ਤੋਂ ਬਾਅਦ ਉਨ੍ਹਾਂ ਦੀ ਘਾਟ ਹਰ ਖੁਸ਼ੀ ਅਤੇ ਹਰ ਪਰਿਵਾਰਕ ਮੌਕੇ 'ਤੇ ਮਹਿਸੂਸ ਹੁੰਦੀ ਹੈ। ਮਾਤਾ ਜੀ ਦੀ ਤੀਜੀ ਬਰਸੀ ਦਾ ਮੌਕਾ ਪਰਿਵਾਰ ਲਈ ਉਨ੍ਹਾਂ ਨੂੰ ਯਾਦ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਲੈਣ ਦਾ ਵੀ ਮੌਕਾ ਹੈ। ਉਨ੍ਹਾਂ ਵੱਲੋਂ ਦਿੱਤੇ ਸੰਸਕਾਰਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਅਤੇ ਪਰਿਵਾਰ ਵਿੱਚ ਪਿਆਰ, ਸਤਿਕਾਰ ਤੇ ਏਕਤਾ ਦੀ ਭਾਵਨਾ ਬਣਾਈ ਰੱਖਣਾ ਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਤੀਜੀ ਬਰਸੀ ਮੌਕੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ

ਮਾਤਾ ਕ੍ਰਿਸ਼ਨ ਕੌਰ ਜੀ ਦੀ ਤੀਜੀ ਬਰਸੀ ਦੇ ਸਬੰਧ ਵਿੱਚ ਪਰਿਵਾਰ ਵੱਲੋਂ ਪਿੰਡ ਉੜਾਪੜ ਸਥਿਤ ਗੁਰਦੁਆਰਾ ਨਵਾਂ ਦੇਹਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਜਾਵੇਗੀ। ਪਰਿਵਾਰ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਵਿੱਤਰ ਮੌਕੇ 'ਤੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ। ਮਾਤਾ ਕ੍ਰਿਸ਼ਨ ਕੌਰ ਜੀ ਦੀਆਂ ਯਾਦਾਂ ਉਨ੍ਹਾਂ ਦੇ ਪਰਿਵਾਰ ਲਈ ਹਮੇਸ਼ਾ ਅਨਮੋਲ ਰਹਿਣਗੀਆਂ। ਉਨ੍ਹਾਂ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਪਰਿਵਾਰ ਦੀ ਅਸਲ ਖੁਸ਼ਹਾਲੀ ਆਪਸੀ ਪਿਆਰ, ਬਜ਼ੁਰਗਾਂ ਦੇ ਸਤਿਕਾਰ, ਚੰਗੇ ਸੰਸਕਾਰਾਂ ਅਤੇ ਸੇਵਾ-ਭਾਵਨਾ ਵਿੱਚ ਵੱਸਦੀ ਹੈ। ਮਾਤਾ ਜੀ ਦੀ ਯਾਦ ਵਿੱਚ ਕੀਤੀ ਜਾਣ ਵਾਲੀ ਅਰਦਾਸ ਰਾਹੀਂ ਪਰਿਵਾਰ ਵਾਹਿਗੁਰੂ ਅੱਗੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰੇਗਾ ਅਤੇ ਉਨ੍ਹਾਂ ਵੱਲੋਂ ਦਿਖਾਏ ਨੇਕ ਰਸਤੇ 'ਤੇ ਚੱਲਣ ਦਾ ਸੰਕਲਪ ਲਵੇਗਾ। ਮਾਤਾ ਕ੍ਰਿਸ਼ਨ ਕੌਰ ਜੀ ਨੂੰ ਉਨ੍ਹਾਂ ਦੀ ਤੀਜੀ ਬਰਸੀ ਮੌਕੇ ਕੋਟਿ-ਕੋਟਿ ਪ੍ਰਣਾਮ ਅਤੇ ਸ਼ਰਧਾ ਦੇ ਫੁੱਲ ਭੇਟ।

ਸਕਾਰਾਤਮਕ ਅਤੇ ਪ੍ਰੇਰਨਾਤਮਕ ਵਿਚਾਰ ਰੱਖਦੇ ਹਨ ਮਨ ਨੂੰ ਅਰੋਗ

ਸੰਜੀਵ ਸੈਣੀ
78889-66168
ਸਟੇਟ ਐਵਾਰਡੀ



ਮਨੁੱਖ ਦੀਆਂ ਖੁਸ਼ੀਆਂ ਤੇ ਗ਼ਮੀਆਂ ਉਸ ਦੇ ਸਰੀਰ ਨਾਲ ਜੁੜੀਆਂ ਹੁੰਦੀਆਂ ਹਨ । ਜਿਸ ਦਾ ਸਰੀਰ ਪੂਰਨ ਤੰਦਰੁਸਤ ਹੈ, ਉਸਦੇ ਜੀਵਨ ਵਿੱਚ ਸੰਤੁਸ਼ਟੀ ਹੈ । ਸਰੀਰ ਵਧੀਆ ਚੱਲ ਰਿਹਾ ਹੈ,ਕਿਸੇ ਪ੍ਰਕਾਰ ਦੀ ਕੋਈ ਬਿਮਾਰੀ ਨਹੀਂ ਹੈ, ਭਾਵ ਸਰੀਰ ਨੂੰ ਵਧੀਆ ਖੁਰਾਕ ਮਿਲ ਰਹੀ ਹੈ, ਉਸ ਨੂੰ ਪੈਸਾ, ਮਾਇਆ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਰਹਿੰਦੀ। ਜੇ ਉਸ ਦੇ ਜੀਵਨ ਵਿੱਚ ਸਬਰ-ਸੰਤੋਖ ਹੈ ਪਰਮਾਤਮਾ ਦਾ ਸ਼ੁਕਰਾਨਾ ਕਰਦਾ ਹੈ। ਭਾਣੇ ਅੰਦਰ ਰਹਿੰਦਾ ਹੈ ਤਾਂ ਉਸਦਾ ਜੀਵਨ ਵਧੀਆ ਬਸਰ ਹੁੰਦਾ ਹੈ। ਵਧੀਆ ਪੌਸ਼ਟਿਕ ਖੁਰਾਕ ਰਾਹੀਂ ਅਸੀਂ ਸਰੀਰ ਨੂੰ ਪੂਰਨ ਤੰਦਰੁਸਤ ਰੱਖ ਸਕਦੇ ਹਾਂ। ਜਿਵੇਂ ਮੌਸਮੀ ਸਬਜ਼ੀਆਂ ਖਾਣਾ, ਤਾਜ਼ੇ ਫਲ ਖਾਣਾ, ਤਲੀਆਂ ਹੋਈਆਂ ਚੀਜ਼ਾਂ ਤੋਂ ਦੂਰ ਰਹਿਣਾ, ਜੰਕ ਫੂਡ ਸਟਰੀਟ ਫੂਡ ਤੋਂ ਗੁਰੇਜ਼ ਕਰਨਾ ਆਦਿ। ਉਸ ਤੋਂ ਬਾਅਦ ਆਉਂਦੀ ਹੈ ਰੈਗੂਲਰ ਸੈਰ, ਕਸਰਤ ਕਰਨਾ, ਜੋ ਅੱਜ ਦੇ ਸਮੇਂ ਵਿੱਚ ਬਹੁਤ ਜ਼ਰੂਰੀ ਹੈ। ਸਵੇਰੇ ਜਲਦੀ ਉੱਠਣਾ ਤੇ ਰਾਤ ਨੂੰ ਦੇਰ ਰਾਤ ਤੱਕ ਨਾ ਜਾਗਣਾ। ਇਸੇ ਤਰ੍ਹਾਂ ਮਨ ਹੁੰਦਾ ਹੈ ਚੰਗਾ ਸੋਚਣਾ, ਚੰਗੀਆਂ ਚੀਜ਼ਾਂ ਦੇਖਣਾ, ਨਕਾਰਾਤਮਕ ਵਿਚਾਰ ਬਿਲਕੁਲ ਵੀ ਆਪਣੇ ਮੰਨ ਅੰਦਰ ਨਹੀਂ ਲੈ ਕੇ ਆਉਣਾ, ਕੁਝ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰਨਾ। ਇਹ ਸਭ ਮਿਲ ਕੇ ਮਨ ਦੀ ਖੁਰਾਕ ਬਣਦੇ ਹਨ। ਚੰਗਾ ਸਾਹਿਤ ਪੜ੍ਹਨ ਨਾਲ ਮਨ ਤੰਦਰੁਸਤ ਰਹਿੰਦਾ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਅਸੀਂ ਕੁੱਝ ਅਜਿਹਾ ਖਾ, ਪੀ ਲੈਂਦੇ ਹਾਂ ਜੋ ਸਰੀਰ ਨੂੰ ਨੁਕਸਾਨ ਕਰਦਾ ਹੈ। ਜਿਵੇਂ ਵਿਆਹਾਂ ਵਿੱਚ ਜੰਕ ਫੂਡ, ਜ਼ਿਆਦਾ ਤਲੀਆਂ ਹੋਈਆਂ ਚੀਜ਼ਾਂ ਖਾਣਾ ਜਾਂ ਰਾਹ ਜਾਂਦੇ ਹੋਏ ਜੋ ਸਟਰੀਟ ਹਾਕਰ ਹੁੰਦੇ ਹਨ ਉਹਨਾਂ ਤੋਂ ਖਾ ਲੈਣਾ। ਇਸੇ ਤਰ੍ਹਾਂ ਕਈ ਵਾਰ ਕੁੱਝ ਗਲਤ ਦੇਖ ਕੇ, ਕੁਝ ਗਲਤ ਪੜ੍ਹ ਕੇ ਜਾਂ ਕਿਸੇ ਦੀ ਕੋਈ ਅਜਿਹੀ ਗੱਲ ਸੁਣ ਕੇ ਮਨ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ। ਮਨ ਨੂੰ ਵਧੀਆ ਰੱਖਣ ਲਈ ਸਕਾਰਾਤਮਕ ਵਿਚਾਰ ,ਚੰਗੇ ਦੋਸਤ, ਚੰਗੀਆਂ ਕਿਤਾਬਾਂ, ਚੰਗੀਆਂ ਥਾਂ 'ਤੇ ਜਾਣਾ, ਚੰਗਾ ਸੁਣਨਾ ਅਰੋਗ ਰੱਖ ਸਕਦਾ ਹੈ। ਕਈ ਵਾਰ ਸਾਡਾ ਕੋਈ ਦੋਸਤ ਜੋ ਕਿਸੇ ਬਾਰੇ ਮਾੜਾ ਚੰਗਾ ਜਾਂ ਭਾਵ ਉਸ ਦੀ ਨਿੰਦਾ ਚੁਗਲੀ ਕਰ ਰਿਹਾ ਹੁੰਦਾ ਹੈ ਸਾਨੂੰ ਉਹ ਸੁਣਨੀ ਵੀ ਪੈਂਦੀ ਹੈ। ਅਜਿਹੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰੋ। ਨੈਗੇਟਿਵ (ਨਕਾਰਾਤਮਕ) ਵਿੱਚ ਚੀਜ਼ਾਂ ਨਾਲ ਸਾਡਾ ਮਨ ਭਰ ਜਾਂਦਾ ਹੈ। ਅਜਿਹੇ ਵਿਕਾਰ ਆਪਣੇ ਮਨ ਅੰਦਰ ਬਿਲਕੁਲ ਵੀ ਨਾ ਲੈ ਕੇ ਆਓ। ਜੇ ਤੁਹਾਨੂੰ ਲੱਗੇ ਕਿ ਤੁਹਾਡੇ ਅੰਦਰ ਨੈਗੇਟਿਵਿਟੀ ਹੈ ਤਾਂ ਤੁਸੀਂ ਉਸ ਥਾਂ 'ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲੇ, ਚੰਗਾ ਲੱਗੇ। ਤੰਦਰੁਸਤ ਜੀਵਨ ਲਈ ਅਸੀਂ ਸੈਰ ਕਸਰਤ ਕਰਦੇ ਹਾਂ। ਜਿੰਮ ਜਾਂਦੇ ਹਾਂ ਤਾਂ ਜੋ ਅਸੀਂ ਅਰੋਗ ਰਹੀਏ। ਇਸੇ ਤਰ੍ਹਾਂ ਸਾਨੂੰ ਮਨ ਨੂੰ ਵੀ ਸਾਫ ਸੁਥਰਾ, ਖਾਲੀ ਰੱਖਣਾ ਪਵੇਗਾ ਤਾਂ ਜੋ ਉਸ ਵਿੱਚ ਚੰਗੇ ਵਿਚਾਰ ਆਉਣ। ਕਿਉਂ ਸਿਆਣੇ ਕਹਿੰਦੇ ਹਨ ਕਿ ਧਾਰਮਿਕ ਥਾਂ 'ਤੇ ਜਾਣਾ ਚਾਹੀਦਾ ਹੈ। ਅਕਸਰ ਅਸੀਂ ਗੁਰੂ ਘਰ ਜਾਂਦੇ ਹਾਂ ਉੱਥੇ ਲੋਕ ਕਥਾਵਾਚਕ ਤੋਂ ਕਥਾ ਸੁਣਦੇ ਹਾਂ। ਅਕਸਰ ਜਦੋਂ ਕਿਸੇ ਦੇ ਘਰ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਉਹ ਆਪਣੇ ਆਪ ਨੂੰ ਸਕਾਰਾਤਮਕ ਰੱਖਣ ਲਈ ਗੁਰੂ ਘਰ ਜਾਂਦਾ ਹੈ ਤਾਂ ਜੋ ਉਸਦਾ ਮਨ ਸਹੀ ਰਹੇ। ਅਸੀਂ ਹੋਰਾਂ ਨੂੰ ਵੀ ਨਸੀਹਤਾਂ ਦਿੰਦੇ ਹਾਂ ,ਪਰ ਆਪਣੇ ਆਪ ਨੂੰ ਵੀ ਦਿੰਦੇ ਰਹਿਣਾ ਚਾਹੀਦਾ ਹੈ। ਅਕਸਰ ਸਾਡੇ ਘਰ ਵਿੱਚ ਕਈ ਵਾਰ ਸਿਆਣੇ ਬਜ਼ੁਰਗ ਬੱਚਿਆਂ ਦੀ ਤਰ੍ਹਾਂ ਵਿਹਾਰ ਕਰਦੇ ਹਨ। ਕਈ ਵਾਰ ਵੱਡੇ ਲੋਕ ਬੱਚਿਆਂ ਦੀ ਤਰ੍ਹਾਂ ਜਿੱਦ ਕਰਨ ਲੱਗ ਜਾਂਦੇ ਹਨ। ਸਾਡਾ ਮਨ ਵੀ ਕਈ ਵਾਰੀ ਇਸੇ ਤਰ੍ਹਾਂ ਹੋ ਜਾਂਦਾ ਹੈ। ਜ਼ਿਆਦਾ ਨਾ ਸੋਚੋ। ਅਕਸਰ ਕਿਹਾ ਜਾਂਦਾ ਹੈ ਕਿ ਹੁਣ ਤੱਕ ਜੋ ਹੋਇਆ ਹੈ ਉਹ ਪਰਮਾਤਮਾ ਦੀ ਮਰਜ਼ੀ ਨਾਲ ਹੋਇਆ ਹੈ ਅੱਗੇ ਵੀ ਉਸਦੀ ਮਰਜ਼ੀ ਨਾਲ ਹੋਵੇਗਾ ਬਜ਼ੁਰਗ ਕਹਿੰਦੇ ਹਨ ਕਿ ਉਸਦੀ ਮਰਜ਼ੀ ਤੋਂ ਬਿਨਾਂ ਤਾਂ ਇੱਕ ਪੱਤਾ ਵੀ ਨਹੀਂ ਹਿਲ ਸਕਦਾ। ਲੋੜ ਨਾਲੋਂ ਵੱਧ ਸੋਚਣਾ, ਹਰ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਿੰਤਾ ਵਿੱਚ ਰਹਿਣਾ, ਮਨ ਨੂੰ ਬੇਚੈਨ ਕਰ ਦਿੰਦਾ ਹੈ। ਜਿਸ ਤਰ੍ਹਾਂ ਸਰੀਰ ਥੱਕਣ ਤੋਂ ਬਾਅਦ ਆਰਾਮ ਮੰਗਦਾ ਹੈ ਮਨ ਵੀ ਆਰਾਮ ਮੰਗਦਾ ਹੈ। ਚੰਗਾ ਮਿਊਜ਼ਿਕ ਸੁਣ ਸਕਦੇ ਹੋ, ਗਾਣੇ ਸੁਣ ਸਕਦੇ ਹੋ। ਜਿਸ ਨਾਲ ਮਨ ਤਰੋ ਤਾਜ਼ਾ ਰਹਿੰਦਾ ਹੈ। ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿਣਾ ਚਾਹੀਦਾ ਹੈ। ਜ਼ਿੰਦਗੀ ਸਾਨੂੰ ਹਰ ਰੋਜ਼ ਕੁਝ ਨਾ ਕੁਝ ਸੁਖਾਂਦੀ ਹੈ ਹਰ ਰੋਜ਼ ਸਵੇਰ ਨਵੀਂ ਉਮੀਦ ਲੈ ਕੇ ਆਉਂਦੀ ਹੈ। ਕੁਝ ਨਾ ਕੁਝ ਮਨ ਵਿੱਚ ਨਵਾਂ ਸਿੱਖਣ ਦੀ ਤਾਂਗ ਹੋਣੀ ਚਾਹੀਦੀ ਹੈ। ਵਹਿਮਾਂ ਭਰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਕਰਮਕਾਂਡ ਨਹੀਂ ਕਰਨੇ ਚਾਹੀਦੇ। ਜਦੋਂ ਸਾਡਾ ਸਰੀਰ ਬਿਮਾਰ ਹੁੰਦਾ ਹੈ ਜਾਂ ਕੋਈ ਬਿਮਾਰੀ ਅਜਿਹੀ ਸਾਨੂੰ ਘੇਰ ਲੈਂਦੀ ਹੈ ਤਾਂ ਅਸੀਂ ਆਪਣੇ ਸਰੀਰ ਦੇ ਸਾਰੇ ਟੈਸਟ ਕਰਵਾਉਂਦੇ ਹਨ ਠੀਕ ਇਸੇ ਤਰ੍ਹਾਂ ਜਦੋਂ ਸਾਡਾ ਮਨ ਪਰੇਸ਼ਾਨ ਰਹਿੰਦਾ ਹੈ ਚਿੰਤਾ ਸਾਨੂੰ ਸਤਾ ਰਹੀ ਹੁੰਦੀ ਹੈ ਤਾਂ ਸਾਨੂੰ ਮਨੋਵਿਗਿਆਨੀ, ਮਾਹਿਰਾਂ ਕੋਲ ਜ਼ਰੂਰ ਜਾਣਾ ਚਾਹੀਦਾ ਹੈ। ਕਾਉਂਸਲਿੰਗ ਕਰਵਾ ਲੈਣੀ ਚਾਹੀਦੀ ਹੈ। ਅੱਜ ਲੋਕਾਂ ਕੋਲ ਪੈਸਾ ਬਹੁਤ ਹੈ ਪਰ ਜ਼ਿੰਦਗੀ ਵਿੱਚ ਸਕੂਨ ਨਹੀਂ ਹੈ। ਸਕੂਨ ਮਨ ਦੀ ਸ਼ਾਂਤੀ ਲਈ ਉਹ ਪੈਸਾ ਖਰਚ ਕਰਕੇ ਮੈਡੀਟੇਸ਼ਨ ਕਲਾਸਾਂ ਲਗਾ ਰਹੇ ਹਨ। ਅਕਸਰ ਲੋਕ ਇਕੱਲਾ ਰਹਿਣ ਕਰਕੇ ਨਕਾਰਾਤਮਕ ਵਿਚਾਰਾਂ ਨਾਲ ਘਿਰ ਜਾਂਦੇ ਹਨ, ਕਿਉਂਕਿ ਉਹ ਆਪਣਾ ਮਨ ਹੋਲਾ ਨਹੀਂ ਕਰ ਪਾਉਂਦੇ ਹਨ, ਡਿਪਰੈਸ਼ਨ ਵਿੱਚ ਜਾਣ ਕਰਕੇ ਕਈ ਵਾਰ ਉਹ ਗਲਤ ਕਦਮ ਵੀ ਚੁੱਕ ਲੈਂਦੇ ਹਨ ਜਿਵੇਂ ਆਤਮ ਹੱਤਿਆ। ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਹੈ। ਅਗਰ ਤੁਸੀਂ ਇਸ ਤਰ੍ਹਾਂ ਦੀ ਸਟੇਜ ਵਿੱਚ ਘਿਰ ਚੁੱਕੇ ਹੋ ਤਾਂ ਵਧੀਆ ਦੋਸਤ ਕੋਲ ਜਾਓ, ਜਿੱਥੇ ਤੁਹਾਨੂੰ ਸਕੂਨ ਮਿਲੇ ਜਾਂ ਮਾਹਿਰਾਂ ਕੋਲ ਜਾ ਕੇ ਕਾਊਂਸਲਿੰਗ ਜ਼ਰੂਰ ਕਰਵਾਓ ਜੋ ਤੁਹਾਨੂੰ ਅਜਿਹੇ ਵਿਕਾਰਾਂ ਵਿੱਚੋਂ ਜ਼ਰੂਰ ਕੱਢ ਸਕਣ।

ਦਿੱਲੀ ਹਾਈਕੋਰਟ ਵੱਲੋਂ ਮਸਜਿਦ ਨੂੰ ਬਿਜਲੀ ਅਤੇ ਪਾਣੀ ਦੇ ਕੁਨੈਕਸਨ ਸੰਬੰਧੀ ਪਟੀਸਨ ਤੋਂ ਨਾਂਹ ਕਰਨ ਦੇ ਅਮਲ ਵਿਤਕਰੇ ਭਰੇ ਅਤੇ ਅਸਹਿ : ਮਾਨ

ਫਤਹਿਗੜ੍ਹ ਸਾਹਿਬ, 24 ਅਕਤੂਬਰ (ਹਰਪ੍ਰੀਤ ਕੌਰ ਟਿਵਾਣਾ) : ਮੁਲਕ ਦੀਆਂ ਅਦਾਲਤਾਂ ਅਤੇ ਜੱਜ ਮੁਤੱਸਵੀ ਹੁਕਮਰਾਨਾਂ ਦੇ ਪ੍ਰਭਾਵ ਹੇਠ ਘੱਟ ਗਿਣਤੀ ਕੌਮਾਂ ਦੇ ਮਸਲਿਆ ਅਤੇ ਪਟੀਸਨਾਂ ਨਾਲ ਅਜਿਹਾ ਵਿਵਹਾਰ ਕਰ ਰਹੇ ਹਨ ਜਿਸ ਨਾਲ ਘੱਟ ਗਿਣਤੀ ਕੌਮਾਂ ਦੇ ਮਾਣ ਸਨਮਾਨ ਨੂੰ ਠੇਸ ਪਹੁੰਚੇ ਅਤੇ ਉਨ੍ਹਾਂ ਦੇ ਹੱਕ ਹਕੂਕ ਲਈ ਉੱਠ ਰਹੀ ਆਵਾਜ* ਦਾ ਕੋਈ ਹੱਲ ਨਾ ਹੋਵੇ । ਹੁਣੇ ਹੀ ਦਿੱਲੀ ਹਾਈਕੋਰਟ ਵਿਚ ਉਥੋ ਦੇ ਇਕ ਮਸਜਿਦ ਦੇ ਇਮਾਮ ਮੁਹੰਮਦ ਹਰੂਨ ਵੱਲੋ ਜੋ ਮਸਜਿਦ ਦੇ ਬਿਜਲੀ ਅਤੇ ਪਾਣੀ ਕੁਨੈਕਸਨ ਨੂੰ ਕੱਟਣ ਵਿਰੁੱਧ ਪਟੀਸਨ ਪਾਈ ਗਈ ਸੀ, ਉਸ ਸੰਬੰਧੀ ਅਦਾਲਤ ਵੱਲੋ ਕਿਸੇ ਤਰ੍ਹਾਂ ਦੀ ਰਾਹਤ ਦੇਣ ਤੋ ਨਾਂਹ ਕਰਨ ਦੇ ਅਮਲ ਤਾਂ ਘੱਟ ਗਿਣਤੀ ਕੌਮਾਂ ਨਾਲ ਅਦਾਲਤਾਂ ਵੱਲੋ ਵੀ ਜ*ਬਰ ਕਰਨ ਦੀ ਪ੍ਰਤੱਖ ਮਿਸਾਲ ਹੈ । ਇਸੇ ਤਰ੍ਹਾਂ ਪਹਿਲੇ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਰੰਜਨ ਗੰਗੋਈ ਵੱਲੋ ਪੱਖਪਾਤ ਕਰਦੇ ਹੋਏ ਰਾਮ ਮੰਦਰ ਦੇ ਸੁਪਰੀਮ ਕੋਰਟ ਵਿਚ ਪਹੁੰਚੇ ਮਸਲੇ ਤੇ ਰਾਮ ਮੰਦਰ ਬਣਾਉਣ ਦੇ ਹੱਕ ਵਿਚ ਅਤੇ ਬਾਬਰੀ ਮਸਜਿਦ ਢਾਹੁਣ ਦੇ ਵਿਰੁੱਧ ਫੈਸਲਾ ਦੇ ਕੇ ਹਿੰਦੂਤਵ ਸੋਚ ਨੂੰ ਹੀ ਬਲ ਦਿੱਤਾ ਗਿਆ ਸੀ । ਜਿਸਦੇ ਬਦਲੇ ਵਿਚ ਜਸਟਿਸ ਗੰਗੋਈ ਨੂੰ ਰਾਜ ਸਭਾ ਦਾ ਮੈਬਰ ਬਣਾਇਆ ਗਿਆ । ਇਥੋ ਤੱਕ ਕਿ ਸੁਪਰੀਮ ਕੋਰਟ ਦੀ ਇਕ ਬੀਬੀ ਨਾਲ ਕੀਤੇ ਦੁਰਵਿਵਹਾਰ ਉਤੇ ਵੀ ਜੱਜਾਂ ਦੇ ਪੈਨਲ ਨੇ ਪੱਖਪਾਤ ਕਰਦੇ ਹੋਏ ਉਸ ਬੀਬੀ ਨੂੰ ਆਪਣੀ ਸਿਕਾਇਤ ਦਰਜ ਕਰਨ ਦੀ ਹੀ ਇਜਾਜਤ ਨਹੀ ਦਿੱਤੀ । ਨਾ ਹੀ ਉਸ ਨੂੰ ਇਨਸਾਫ ਦਿੱਤਾ ਗਿਆ । ਅਜਿਹੇ ਅਮਲ ਘੱਟ ਗਿਣਤੀ ਕੌਮਾਂ ਲਈ ਅਸਹਿ ਅਤੇ ਵੱਡੇ ਵਿਤਕਰੇ ਵਾਲੇ ਹਨ ਜਿਨ੍ਹਾਂ ਨੂੰ ਸਹਿਣ ਨਹੀ ਕੀਤਾ ਜਾ ਸਕਦਾ ।' ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ*ੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਦਿੱਲੀ ਦੀ ਇਕ ਮਸਜਿਦ ਦੇ ਇਮਾਮ ਵੱਲੋਂ ਆਪਣੀ ਮਸਜਿਦ ਦੇ ਬਿਜਲੀ ਅਤੇ ਪਾਣੀ ਦੇ ਕੱਟੇ ਗਏ ਕੁਨੈਕਸਨ ਨੂੰ ਬਹਾਲ ਕਰਨ ਸੰਬੰਧੀ ਪਾਈ ਗਈ ਪਟੀਸਨ ਉਤੇ ਅਦਾਲਤ ਵੱਲੋ ਘੱਟ ਗਿਣਤੀ ਕੌਮ ਵਿਰੁੱਧ ਕੀਤੀ ਕਾਰਵਾਈ ਉਤੇ ਹੈਰਾਨੀ ਅਤੇ ਦੁੱਖ ਜਾਹਰ ਕਰਦੇ ਹੋਏ ਅਤੇ ਅਜਿਹੀਆ ਕਾਰਵਾਈਆ ਨੂੰ ਵਿਤਕਰੇ ਭਰੀਆ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ ।



ਨੀਅਤ ਅਤੇ ਨੀਤੀ: ਇਮਾਨਦਾਰੀ ਅਤੇ ਸੱਚਾਈ ਹੀ ਸਫ਼ਲਤਾ ਦਾ ਅਸਲ ਆਧਾਰ



ਹਰਿੰਦਰ ਗਰੇਵਾਲ

ਮਨੁੱਖੀ ਜ਼ਿੰਦਗੀ ਵਿੱਚ ਸਫ਼ਲਤਾ, ਸ਼ਾਂਤੀ ਅਤੇ ਸੱਚੀ ਤਰੱਕੀ ਦਾ ਸਭ ਤੋਂ ਵੱਡਾ ਰਾਜ਼ ਬੰਦੇ ਦੀ ਨੀਅਤ ਅਤੇ ਨੀਤੀ ਵਿੱਚ ਛੁਪਿਆ ਹੁੰਦਾ ਹੈ। ਜਦੋਂ ਕਿਸੇ ਵਿਅਕਤੀ ਦਾ ਮਨ ਅੰਦਰੋਂ ਸਾਫ਼ ਹੁੰਦਾ ਹੈ ਅਤੇ ਉਸ ਦੇ ਕੰਮ ਕਰਨ ਦਾ ਤਰੀਕਾ ਇਮਾਨਦਾਰੀ ਵਾਲਾ ਹੁੰਦਾ ਹੈ, ਤਾਂ ਦੁਨੀਆ ਦੀ ਕੋਈ ਵੀ ਨਕਾਰਾਤਮਕ ਤਾਕਤ ਉਸ ਨੂੰ ਹਰਾ ਨਹੀਂ ਸਕਦੀ। ਭਾਵੇਂ ਜ਼ਿੰਦਗੀ ਵਿੱਚ ਮੁਸੀਬਤਾਂ ਦਾ ਪਹਾੜ ਹੀ ਕਿਉਂ ਨਾ ਟੁੱਟ ਪਵੇ, ਪਰ ਸਾਫ਼ ਨੀਅਤ ਵਾਲਾ ਇਨਸਾਨ ਹਰ ਦੁੱਖ-ਤਕਲੀਫ਼, ਝੂਠ ਅਤੇ ਝਮੇਲੇ ਵਿੱਚੋਂ ਹਮੇਸ਼ਾ ਸਹੀ-ਸਲਾਮਤ ਬਾਹਰ ਨਿਕਲ ਆਉਂਦਾ ਹੈ। ਇਹੀ ਸ਼ੁੱਧਤਾ ਅਤੇ ਇਮਾਨਦਾਰੀ ਸਾਡੇ ਰਿਸ਼ਤਿਆਂ ਅਤੇ ਪਰਿਵਾਰਕ ਜੀਵਨ ਵਿੱਚ ਵੀ ਨਜ਼ਰ ਆਉਣੀ ਚਾਹੀਦੀ ਹੈ। ਸਾਡੇ ਦੋਸਤਾਂ-ਮਿੱਤਰਾਂ, ਪਰਿਵਾਰ ਅਤੇ ਆਲੇ-ਦੁਆਲੇ ਦੇ ਲੋਕਾਂ ਪ੍ਰਤੀ ਸਾਡੀ ਸੋਚ ਬਿਲਕੁਲ ਸਾਫ਼ ਹੋਣੀ ਲਾਜ਼ਮੀ ਹੈ। ਜਿੱਥੇ ਚਲਾਕੀ, ਫਰੇਬ ਜਾਂ ਦੋਗਲਾਪਣ ਹੁੰਦਾ ਹੈ, ਉੱਥੇ ਰਿਸ਼ਤਿਆਂ ਦੀ ਬੁਨਿਆਦ ਕਮਜ਼ੋਰ ਹੋ ਜਾਂਦੀ ਹੈ, ਪਰ ਜਿੱਥੇ ਆਪਸੀ ਵਿਸ਼ਵਾਸ ਅਤੇ ਨਿਸ਼ਕਾਮ ਪਿਆਰ ਹੁੰਦਾ ਹੈ, ਉੱਥੇ ਪਰਿਵਾਰ ਵਿੱਚ ਸੁਖ-ਸ਼ਾਂਤੀ ਬਣੀ ਰਹਿੰਦੀ ਹੈ ਅਤੇ ਅਜਿਹੇ ਪਰਿਵਾਰ ਹਮੇਸ਼ਾ ਅੱਗੇ ਵਧਦੇ ਹਨ। ਰਿਸ਼ਤਿਆਂ ਦੇ ਨਾਲ-ਨਾਲ ਆਪਣੇ ਕੰਮ ਪ੍ਰਤੀ ਸਮਰਪਣ ਅਤੇ ਨੈਤਿਕਤਾ ਹੋਣਾ ਵੀ ਉੰਨਾ ਹੀ ਜਰੂਰੀ ਹੈ। ਜਦੋਂ ਅਸੀਂ ਕਿਸੇ ਵੀ ਕੰਮ ਨੂੰ ਪੂਰੀ ਲਗਨ, ਇਮਾਨਦਾਰੀ ਅਤੇ ਬਿਨਾਂ ਕਿਸੇ ਨੂੰ ਧੋਖਾ ਦਿੱਤੇ ਕਰਦੇ ਹਾਂ, ਤਾਂ ਉਸ ਵਿੱਚ ਪਰਮਾਤਮਾ ਦੀ ਬਰਕਤ ਸ਼ਾਮਲ ਹੋ ਜਾਂਦੀ ਹੈ। ਛੋਟੇ ਜਾਂ ਅਸਥਾਈ ਫਾਇਦੇ ਲਈ ਅਪਣਾਇਆ ਗਿਆ ਗਲਤ ਰਸਤਾ ਕੁਝ ਸਮੇਂ ਲਈ ਖੁਸ਼ੀ ਤਾਂ ਦੇ ਸਕਦਾ ਹੈ, ਪਰ ਸਥਾਈ ਕਾਮਯਾਬੀ ਹਮੇਸ਼ਾ ਸਾਫ਼ ਨੀਤੀ ਨਾਲ ਹੀ ਹਾਸਲ ਹੁੰਦੀ ਹੈ। ਇਸ ਤਰ੍ਹਾਂ ਸਾਫ਼ ਨੀਅਤ ਨਾਲ ਜੀਵਿਆ ਗਿਆ ਜੀਵਨ ਮਨੁੱਖ ਦੇ ਆਤਮ-ਵਿਸ਼ਵਾਸ ਨੂੰ ਅਥਾਹ ਬੁਲੰਦੀਆਂ 'ਤੇ ਲੈ ਜਾਂਦਾ ਹੈ। ਅਜਿਹੇ ਇਨਸਾਨ ਨੂੰ ਕਿਸੇ ਵੀ ਸਾਜ਼ਿਸ਼ ਜਾਂ ਝੂਠ ਤੋਂ ਡਰਨ ਦੀ ਲੋੜ ਨਹੀਂ ਪੈਂਦੀ ਕਿਉਂਕਿ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ। ਅੰਤ ਵਿੱਚ, ਫਰੇਬ ਤੋਂ ਦੂਰ ਰਹਿ ਕੇ ਇਮਾਨਦਾਰੀ ਨਾਲ ਜੀਵਿਆ ਜੀਵਨ ਹੀ ਅਸਲ ਅਰਥਾਂ ਵਿੱਚ ਮਾਨਮੱਤਾ ਹੁੰਦਾ ਹੈ, ਜੋ ਨਾ ਕੇਵਲ ਬੰਦੇ ਨੂੰ ਸਮਾਜ ਵਿੱਚ ਸਤਿਕਾਰ ਦਿਵਾਉਂਦਾ ਹੈ ਬਲਕਿ ਉਸ ਦੀ ਆਉਣ ਵਾਲੀ ਪੀੜ੍ਹੀ ਲਈ ਵੀ ਤਰੱਕੀ ਦੇ ਰਾਹ ਖੋਲ੍ਹਦਾ ਹੈ।

ਪੰਜਾਬ ਨੈਸ਼ਨਲ ਬੈਂਕ
.... ਭਰੋਸੇ ਦਾ ਪ੍ਰਤੀਕ

ਸ਼ਾਖਾ ਦਫਤਰ : ਆਦਰਸ਼ ਨਗਰ-036810 (ਜਲੰਧਰ)
Email:bo036810@pnb.bank.in Ph. No. 0181-22997675

ਕਬਜ਼ਾ ਨੋਟਿਸ (ਅਚੱਲ ਸੰਪਤੀ ਲਈ)
[ਸਿਕਿਓਰਿਟੀ ਇੰਟਰੈਸਟ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]

ਜਦਕਿ, ਹੇਠਾਂ ਦਸਤਖਤ ਕਰਨ ਵਾਲੇ ਅਧਿਕਾਰੀ, ਜੋ ਕਿ 'ਵਿੱਤੀ ਸੰਪਤੀਆਂ ਦੇ ਸਕਿਓਰਿਟਾਈਜ਼ੇਸ਼ਨ ਅਤੇ ਪੁਨਰ-ਨਿਰਮਾਣ ਅਤੇ ਸੁਰੱਖਿਆ ਹਿੱਤ ਦੇ ਲਾਗੂਕਰਨ ਐਕਟ, 2002'ਦੇ ਤਹਿਤ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਹਨ, ਨੇ 'ਸਿਕਿਓਰਿਟੀ ਇੰਟਰੈਸਟ (ਲਾਗੂਕਰਨ) ਨਿਯਮ, 2002' ਦੇ ਨਿਯਮ 3 ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 13(12) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਕ ਮੰਗ ਨੋਟਿਸ ਜਾਰੀ ਕੀਤਾ ਸੀ। ਇਸ ਨੋਟਿਸ ਵਿੱਚ ਕਰਜ਼ਦਾਰ(ਆਂ) ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ ਵਿੱਚ ਦਰਸਾਈ ਗਈ ਰਕਮ ਦੀ ਅਦਾਇਗੀ ਕਰਨ।

ਕਿਉਂਕਿ ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਿਹਾ ਹੈ, ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਸਤਖਤ ਕਰਨ ਵਾਲੇ ਅਧਿਕਾਰੀ ਨੇ, ਉਕਤ ਐਕਟ ਦੀ ਧਾਰਾ 13(4) ਅਤੇ 'ਸਿਕਿਓਰਿਟੀ ਇੰਟਰੈਸਟ (ਲਾਗੂਕਰਨ) ਨਿਯਮ, 2002' ਦੇ ਨਿਯਮ 8 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਵਰਣਿਤ ਸੰਪਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਇਸ ਸੰਪਤੀ (ਜਾਂ ਸੰਪਤੀਆਂ) ਨਾਲ ਕੋਈ ਲੈਣ-ਦੇਣ ਨਾ ਕਰਨ। ਜੇਕਰ ਅਜਿਹਾ ਕੋਈ ਲੈਣ-ਦੇਣ ਕੀਤਾ ਜਾਂਦਾ ਹੈ, ਤਾਂ ਉਹ ਪੰਜਾਬ ਨੈਸ਼ਨਲ ਬੈਂਕ ਦੇ ਦਾਅਵੇ ਦੇ ਅਧੀਨ ਹੋਵੇਗਾ, ਜਿਸ ਵਿੱਚ ਬਕਾਇਆ ਰਕਮ ਅਤੇ ਉਸ 'ਤੇ ਲੱਗਣ ਵਾਲਾ ਵਿਆਜ ਸ਼ਾਮਲ ਹੋਵੇਗਾ (ਜਿਸ ਵਿੱਚੋਂ ਕੋਈ ਵਸੂਲੀ ਹੋਈ ਹੋਵੇ ਤਾਂ ਉਸਨੂੰ ਘਟਾ ਦਿੱਤਾ ਜਾਵੇਗਾ)।

ਕਰਜ਼ਦਾਰਾਂ ਦਾ ਧਿਆਨ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਵੱਲ ਦਿਵਾਇਆ ਜਾਂਦਾ ਹੈ, ਜਿਸ ਵਿੱਚ ਸੁਰੱਖਿਅਤ ਸੰਪਤੀਆਂ ਨੂੰ ਵਾਪਸ ਛੁਡਾਉਣ ਲਈ ਉਪਲਬਧ ਸਮੇਂ ਬਾਰੇ ਦੱਸਿਆ ਗਿਆ ਹੈ।

ਕਰਜ਼ਦਾਰ/ਮਾਲਕ/ਜ਼ਾਮਨ (†)/ ਗਿਰਵੀਕਾਰ (†) ਦੇ ਨਾਮ	ਅਚੱਲ ਵਿਕਰੀ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਕਬਜ਼ੇ ਦੀ ਮਿਤੀ	ਮੰਗ ਸੂਚਨਾ ਦੀ ਮਿਤੀ ਤੋਂ ਬਕਾਇਆ ਰਕਮ
ਕਰਜ਼ਦਾਰ: ਸ੍ਰੀ ਰਵਿੰਦਰ ਪਾਂਡੇ, ਸਪੁੱਤਰ ਸ੍ਰੀ ਬ੍ਰਹਮਾਦੀਨ ਪਾਂਡੇ (ਕਰਜ਼ਦਾਰ/ਬੰਧਕਕਰਤਾ), ਵਾਸੀ: 225, ਸਵਰਨ ਪਾਰਕ, ਪਿੰਡ: ਗਦਾਈਪੁਰ, ਰੰਧਾਵਾ ਮਸੰਦਨ, ਜਲੰਧਰ (ਪੰਜਾਬ) - 144004।	ਰਿਹਾਇਸ਼ੀ ਸੰਪਤੀ (ਮਕਾਨ ਨੰਬਰ 225, ਰਕਬਾ: 2 ਮਰਲੇ 32 ਵਰਗ ਫੁੱਟ) ਜੋ ਕਿ 'ਇਕੁਇਟੇਬਲ ਮੋਰਗੇਜ' ਅਧੀਨ ਬੰਧਕ ਰੱਖੀ ਗਈ ਸੀ, ਦਾ ਪੂਰਾ ਹਿੱਸਾ। (272 ਵਰਗ ਫੁੱਟ = ਮਰਲਾ) ਜੋ ਹਦਬਸਤ ਨੰਬਰ: 161, ਖੇਵਟ/ਖਤੌਨੀ ਨੰਬਰ: 148/191, ਖਸਰਾ ਨੰਬਰ: 25//10, 11/1, 26//6, 7, 8, 9, 11, 12, 13, 14, 15, 19, 20, 21, 22, 27//15, 16, 17, 24, 25, 28//4, 5, 29//1, 2/1 ਵਿੱਚ ਸ਼ਾਮਲ ਹੈ ਅਤੇ ਸਵਰਨ ਪਾਰਕ, ਪਿੰਡ ਗਦਾਈਪੁਰ, ਜਲੰਧਰ ਵਿਖੇ ਸਥਿਤ ਹੈ। ਇਹ ਜਾਇਦਾਦ ਮਿਤੀ 11.03.2013 ਦੇ ਮਾਲਕੀ ਦਸਤਾਵੇਜ਼ ਨੰਬਰ 13332 ਰਾਹੀਂ ਸ੍ਰੀ ਰਵਿੰਦਰ ਪਾਂਡੇ (ਪੁੱਤਰ ਸ੍ਰੀ ਬ੍ਰਹਮਾਦੀਨ ਪਾਂਡੇ) ਦੇ ਨਾਮ 'ਤੇ ਹੈ। ਇਸ ਦੀਆਂ ਹੱਦਾਂ ਹੇਠ ਲਿਖੇ ਅਨੁਸਾਰ ਹਨ: ਪੂਰਬ: 20 ਫੁੱਟ ਚੌੜੀ ਸੜਕ, ਪੱਛਮ: ਪਲਾਟ ਨੰਬਰ 224, ਉੱਤਰ: ਹੋਰ, ਦੱਖਣ: ਹੋਰ।	01.08.2026	21.10.2026	ਮਿਤੀ 31.07.2026 ਤੱਕ 6,05,132.23 ਰੁਪਏ (ਛੇ ਲੱਖ ਪੰਜ ਹਜ਼ਾਰ ਇੱਕ ਸੌ ਬੱਤੀ ਰੁਪਏ ਅਤੇ ਤੇਈ ਪੈਸੇ), ਇਸ ਤੋਂ ਇਲਾਵਾ ਮਿਤੀ 01.08.2026 ਤੋਂ ਅੱਗੇ ਦਾ ਵਿਆਜ ਅਤੇ ਇਸ ਨਾਲ ਸਬੰਧਤ ਹੋਰ ਖਰਚੇ; ਜੇਕਰ ਕੋਈ ਵਸੂਲੀ ਹੋਈ ਹੋਵੇ ਤਾਂ ਉਸਨੂੰ ਘਟਾ ਦਿੱਤਾ ਜਾਵੇਗਾ।

ਮਿਤੀ : 21.10.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

ਬੈਂਕ ਆਫ ਬੜੌਦਾ
Bank of Baroda

ਬੈਂਕ ਆਫ ਬੜੌਦਾ
ਖੇਤਰੀ ਦਫ਼ਤਰ : ਜਲੰਧਰ ਖੇਤਰ, 24, ਪਹਿਲੀ ਮੰਜ਼ਿਲ,
ਵਿਜੈ ਨਗਰ, ਫੁੱਟਬਾਲ ਚੌਕ, ਜਲੰਧਰ, ਫੋਨ : 0181- 5057857,
E-mail: RECOVERY.PJKR@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ਏ [ਨਿਯਮ 6 (2) ਅਤੇ 9 (1)/8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2), 9(1)/8(6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (†)/ਗਿਰਵੀਕਾਰ (†)/ਜ਼ਾਮਨ (†)/ਸੁਰੱਖਿਅਤ ਸੰਪੱਤੀ (ਆਂ)/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਲੜੀ ਨੰ.	ਸ਼ਾਖਾ ਦਾ ਨਾਮ ਅਤੇ ਕਰਜ਼ਦਾਰ (†)/ਗਿਰਵੀਕਾਰ (†) ਦਾ ਪਤਾ	ਅਚੱਲ ਸੰਪੱਤੀ/ਆਂ ਦੇ ਵੇਰਵੇ	ਕਬਜ਼ੇ ਦੀ ਕਿਸਮ	ਸੰਪੱਤੀ ਦਾ ਸਰੂਪ	ਕੁੱਲ ਬਕਾਏ (ਰੁ. 'ਚ)	ਰਾਖਵੀਂ ਕੀਮਤ (ਰ. 'ਚ)	ਬੋਲੀ ਦੀ ਸ਼ੁਰੂਆਤੀ ਕੀਮਤ (ਰੁ. 'ਚ) / ਈਐਮਡੀ (ਰੁ. 'ਚ)	ਘੱਟੋ ਘੱਟ ਬੋਲੀ ਵਾਧਾ ਰਕਮ (ਰੁ. 'ਚ)	ਈ-ਨਿਲਾਮੀ ਦੀ ਸ਼ੁਰੂਆਤ ਦੀ ਮਿਤੀ ਅਤੇ ਸਮਾਂ (ਰੁ. 'ਚ)	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਸ਼ਾਖਾ ਪ੍ਰਬੰਧਕ/ ਅਧਿਕਾਰਤ ਅਧਿਕਾਰੀ
1.	ਗੜ੍ਹਸ਼ੰਕਰ ਚੌਕ ਬੰਗਾ ਸ਼ਾਖਾ; ਸ੍ਰੀ ਤਰਸੇਮ ਲਾਲ ਪੁੱਤਰ ਸ੍ਰੀ ਖੈਰਾਤੀ ਲਾਲ ਅਤੇ ਸ੍ਰੀ ਵੈਦਿਕ ਸਿੰਘ ਪੁੱਤਰ ਸ੍ਰੀ ਖੈਰਾਤ ਲਾਲ ਪਿੰਡ ਪੂਨੀਆ ਤਹਿਸੀਲ ਬੰਗਾ ਐਸਬੀਐਸ ਨਗਰ ਵਿਖੇ ਸਥਿਤ।	ਨਿਮਨ ਵੇਰਵਿਆਂ ਅਨੁਸਾਰ ਪਿੰਡ ਪੂਨੀਆਂ, ਤਹਿਸੀਲ ਬੰਗਾ ਐਸਬੀਐਸ ਨਗਰ ਵਿਖੇ ਸਥਿਤ ਤਰਸੇਮ ਲਾਲ ਦੇ ਨਾਮ 'ਤੇ ਸਬ ਰਜਿਸਟਰਾਰ ਦਫਤਰ, ਬੰਗਾ ਵਿਖੇ ਦਸਤਾਵੇਜ਼ ਨੰ. 2018-19/112/1/82 ਮਿਤੀ 07.08.2018 ਅਧੀਨ ਪੰਜੀਕ੍ਰਿਤ ਵਿਕਰੀ ਡੀਡ ਅਨੁਸਾਰ ਸੰਪੱਤੀ : ਕੁੱਲ 03 ਮਰਲੇ 08 ਸਰਸਾਹੀ ਜ਼ਮੀਨ। ੳ. ਖਾਤਾ ਨੰ. 1/1 ਖਸਰਾ ਨੰਬਰ 16//16/2(1-8) 17(8-0) 19/1(1-14) ਕਿਤਾ (3) ਵਿਖੇ ਸਥਿਤ 11 ਕਨਾਲ 02 ਮਰਲੇ ਰਕਬੇ ਵਿਚੋਂ 1/222 ਹਿੱਸੇ ਵਜੋਂ 01 ਮਰਲਾ। ਅ. ਖਾਤਾ ਨੰਬਰ 91/131, 132 ਖਸਰਾ ਨੰਬਰ 15//25/4 ਮਿਨ (2-10) 27//1/1(3-1), 15//16/1 (3-0), 25/4 ਮਿਨ (0-10) ਕਿਤਾ (4) ਵਿਖੇ ਸਥਿਤ 09 ਕਨਾਲ 01 ਮਰਲੇ ਰਕਬੇ ਵਿਚੋਂ 1/181 ਹਿੱਸੇ ਵਜੋਂ 01 ਮਰਲਾ। ੲ. ਖਾਤਾ ਨੰ. 92/133-134 ਖਸਰਾ ਨੰ. 13//21/1 ਮਿਨ (3-0) 20/2(5-0) 21/1 ਮਿਨ (1-12) ਕਿਟਾ (3) ਵਿਖੇ ਸਥਿਤ ਰਕਬਾ 09 ਕਨਾਲ 12 ਮਰਲੇ ਵਿਚੋਂ 1/192 ਹਿੱਸੇ ਵਜੋਂ 01 ਮਰਲਾ। ਸ. ਖਾਤਾ ਨੰ. 95/138, 140 ਖਸਰਾ ਨੰ. 15//21/2 ਮਿਨ (5-0) 21/2 ਮਿਨ (1-15) 26//2/1 ਮਿਨ (1-0) 15//21/2 ਮਿਨ (0-7) 26//2/1 ਮਿਨ (0-4) ਕਿਤੇ (5) ਵਿਖੇ ਸਥਿਤ ਰਕਬਾ 08 ਕਨਾਲ 06 ਮਰਲੇ ਵਿਚੋਂ 4/1494 ਹਿੱਸੇ ਵਜੋਂ 04 ਸਰਸਾਹੀ। ਹ. ਖਾਤਾ ਨੰ. 73/110, ਖਸਰਾ ਨੰ. 9//23/2(4-12) 24/1(4-16) 16//3/2 (2-11) 26(1-5) ਕਿੱਤਾ (4) ਵਿਖੇ ਰਕਬਾ 13 ਕਨਾਲ 04 ਮਰਲੇ ਵਿਚੋਂ 4/2376 ਹਿਸੇ ਵਜੋਂ 04 ਸਰਸਾਹੀ। ਹੱਦਬੰਦੀ ਨਿਮਨ ਅਨੁਸਾਰ : ਉੱਤਰ ਵੱਲ: ਗਲੀ, ਦੱਖਣ ਵੱਲ: ਹੋਰ, ਪੂਰਬ ਵੱਲ: ਸਰੋਜ ਰਾਣੀ, ਪੱਛਮ ਵੱਲ: ਜਸਵਿੰਦਰ ਸਿੰਘ।	ਭੌਤਿਕ	ਰਿਹਾਇਸ਼ੀ ਮਕਾਨ	Rs. 11,47,953.78 (ਰੁ. ਗਿਆਰਾਂ ਲੱਖ ਸੰਤਾਲੀ ਹਜ਼ਾਰ ਨੌਂ ਸੌ ਤਰਵੰਜਾ ਅਤੇ ਅਠੱਤਰ ਪੈਸੇ ਕੇਵਲ) + 11.04.2023 ਤੋਂ ਪ੍ਰਭਾਵੀ ਗੈਰ ਲਾਗੂ ਵਿਆਜ + ਹੋਰ ਖਰਚੇ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤ, ਫੀਸਾਂ ਅਤੇ ਖਰਚੇ।	₹ 6,50,000/-	₹ 6,55,000/- / ₹ 65,000/-	₹ 5,000/-	10.11.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਸ੍ਰੀ ਅਸ਼ੀਸ਼ 96621 06698
2.	ਗੜ੍ਹਸ਼ੰਕਰ ਚੌਕ ਬੰਗਾ ਸ਼ਾਖਾ; 1. ਸ਼੍ਰੀਮਤੀ ਕਲਸੀਆ ਦੇਵੀ ਪਤਨੀ ਅਰਵਿੰਦ ਕੁਮਾਰ ਯਾਦਵ ਵਾਸੀ ਮਕਾਨ ਨੰ. 12, ਪ੍ਰਤਾਪ ਨਗਰ, ਬੰਗਾ, ਪੰਜਾਬ-144505, 2. ਸ਼੍ਰੀ ਅਰਵਿੰਦਰ ਕੁਮਾਰ ਯਾਦਵ ਪੁੱਤਰ ਸ਼੍ਰੀ ਲਛਮਣ ਯਾਦਵ ਵਾਸੀ ਮਕਾਨ ਨੰ. 12, ਪ੍ਰਤਾਪ ਨਗਰ, ਬੰਗਾ, ਪੰਜਾਬ-144505	ਖਾਤਾ ਨੰ. 158/237, ਖਸਰਾ ਨੰ. 17//20/2(6-13), ਖਾਤਾ ਨੰ. 160/239, ਖਸਰਾ ਵਿੱਚੋਂ 04 ਮਰਲੇ ਦੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਨੰਬਰ 17//12 (5-6), 19 (6-10), 20/1 (1-7), 22 (7-10) ਪਿੰਡ ਚੱਕ ਕਲਾਲ, ਤਹਿ-ਬੰਗਾ, ਐਸਬੀਐਸ ਨਗਰ, ਪੰਜਾਬ ਵਿਖੇ ਸਥਿਤ ਵਿਕਰੀ ਡੀਡ 12.06.2018, ਦਸਤਾਵੇਜ਼ ਨੰਬਰ 2018-19/112/308 ਰਾਹੀਂ	ਭੌਤਿਕ	ਰਿਹਾਇਸ਼ੀ ਮਕਾਨ	Rs. 10,18,468.00 (ਰੁ. ਦਸ ਲੱਖ ਅਠਾਰਾਂ ਹਜ਼ਾਰ ਚਾਰ ਸੌ ਅਠਾਹਠ ਕੇਵਲ) 31.03.2021 ਨੂੰ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਗੈਰ ਲਾਗੂ ਅਤੇ ਅਣਵਸੂਲਿਆਂ ਵਿਆਜ ਅਤੇ ਇਸ 'ਤੇ ਹੋਰ ਫੀਸਾਂ।	₹ 5,85,000/-	₹ 5,90,000/- / ₹ 58,500/-	₹ 5,000/-	10.11.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਸ੍ਰੀ ਅਸ਼ੀਸ਼ 96621 06698
3.	ਲਾਡੋਵਾਲੀ ਰੋਡ ਸ਼ਾਖਾ; ਸ੍ਰੀ ਬਬਲੂ ਮੰਡਲ ਪੁੱਤਰ ਸ੍ਰੀ ਮੁੱਖੂ ਮੰਡਲ	ਪਿੰਡ ਧੀਨਾ, ਆਰ ਸੀ ਐਨਕਲੇਵ, ਫੇਜ਼ - 3 ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ 5 ਮਰਲੇ ਦੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜੋ ਕਿ ਸ਼੍ਰੀ ਬਬਲੂ ਮੰਡਲ ਪੁੱਤਰ ਸ਼੍ਰੀ ਮੱਖੂ ਮੰਡਲ ਨਾਲ ਸਬੰਧਤ ਹੈ, ਮਿਤੀ 22/02/2018 ਦੇ ਵਿਕਰੀ ਡੀਡ ਨੰਬਰ 12451 ਅਨੁਸਾਰ ਖਸਰਾ ਨੰਬਰ 24//16/2,25,25//12/2,13/2,14/2,15/1/1, 16/2,17,18,19, 21,22,23,29//2/2,30//5/1 ਹਦਬਸਤ ਨੰਬਰ 248 ਵਿੱਚ ਸ਼ਾਮਲ ਹੈ ਹੱਦਾਂ ਜਿਵੇਂ: ਪੂਰਬ: ਰਸਤਾ, ਪੱਛਮ: ਡਾਕਖਾਨਾ ਹੋਰ, ਉੱਤਰ: ਪਲਾਟ ਨੰਬਰ 150, ਦੱਖਣ: 151-ਏ, ਹਿੱਸਾ	ਭੌਤਿਕ	ਰਿਹਾਇਸ਼ੀ ਮਕਾਨ,	Rs. 18,48,475.57 (ਰੁ. ਅਠਾਰਾਂ ਲੱਖ ਅਠਤਾਲੀ ਹਜ਼ਾਰ ਚਾਰ ਸੌ ਪਚੱਤਰ ਅਤੇ ਸਤਵੰਜਾ ਪੈਸੇ ਕੇਵਲ) ਠੇਕਾ ਦਰ 'ਤੇ ਵਿਆਜ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤ, ਫੀਸਾਂ ਅਤੇ ਖਰਚੇ।	₹ 17,89,718	₹ 17,94,718 / ₹ 1,78,972	₹ 5,000/-	10.11.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਸ੍ਰੀ ਅਸ਼ੀਸ਼ 99159 54908

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਵੈਬਸਾਈਟ ਲਿੰਕ **https://www.bankofbaroda.in/e-auction.htm** ਅਤੇ ਆਨਲਾਈਨ ਨਿਲਾਮੀ ਪੋਰਟਲ **https://baanknet.com** ਦਾ ਹਵਾਲਾ ਲਓ/ਨੂੰ ਦੇਖੋ। ਇਛੁੱਕ ਬੋਲੀਕਾਰ ਉਕਤ ਅਧਿਕਾਰਤ ਅਧਿਕਾਰੀ ਨੂੰ ਵੀ ਸੰਪਰਕ ਕਰ ਸਕਦੇ ਹਨ।

- ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 10.11.2026 ਨੂੰ ਸ਼ਾਮ 6.00 ਵਜੇ ਤੱਕ
- ਈ-ਨਿਲਾਮੀ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ : 10.11.2026 ਨੂੰ ਦੁਪਹਿਰ 02.00 ਵਜੇ ਤੋਂ ਸ਼ਾਮ 06.00 ਵਜੇ ਤੱਕ

ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਮਿਤੀ: 24.10.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ